ਈ-ਸਰਵਿਸ ਬੁੱਕ ਬਨਣ ਨਾਲ ਸਰਕਾਰੀ ਕਰਮਚਾਰੀਆਂ ਨੂੰ ਮਿਲੀ ਕਈ ਸਹੂਲਤਾਂ

ਹਰਿਆਣਾ/ਚੰਡੀਗੜ੍ਹ, 15 ਨਵੰਬਰ (ਵਿ.ਵਾ.) - ਹਰਿਆਣਾ ਦੇ ਮੁੱਖ ਸਕੱਤਰ ਸ੍ਰੀ ਸੰਜੀਵ ਕੌਸ਼ਲ ਨੇ ਕਿਹਾ ਕਿ ਸਰਕਾਰੀ ਕਰਮਚਾਰੀਆਂ ਨੂੰ ਹੁਣ ਪਦੋਉਨਤੀ ਅਤੇ ਛੁੱਟੀਆਂ ਆਦਿ ਗਤੀਵਿਧੀਆਂ ਲਈ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਨਹੀਂ ਹੋਵੇਗੀ। ਹੁਣ ਇਹ ਸਹੂਲਤ ਈ-ਸਰਵਿਸ ਬੁੱਕ ਰਾਹੀਂ ਆਨਲਾਇਨ ਮਿਲੇਗੀ। ਮਨੁੱਖ ਸੰਸਾਧਨ ਪ੍ਰਬੰਧਨ ਪ੍ਰਣਾਲੀ (ਐਚਆਰਐਮਐਸ) ਪੋਰਟਲ 'ਤੇ ਲਗਭਗ 2,65,000 ਕਰਮਚਾਰੀਆਂ ਵਿੱਚੋਂ ਲਗਭਗ 2,32,000 ਕਰਮਚਾਰੀਆਂ ਦੀ ਈ-ਸਰਵਿਸ ਬੁੱਕ ਤਸਦੀਕ ਕਰ ਲਈ ਗਈ ਹੈ। ਸ੍ਰੀ ਸੰਜੀਵ ਕੌਸ਼ਲ ਨੇ ਬਾਕੀ ਕਰਮਚਾਰੀਆਂ ਨੂੰ ਵੀ 30 ਨਵੰਬਰ ਤਕ ਆਪਣੀ ਸਰਵਿਸ ਬੁੱਕ ਨੂੰ ਤਸਦੀਕ ਕਰਨ ਦੇ ਨਿਰਦੇਸ਼ ਦਿੱਤੇ ਹਨ। ਮੁੱਖ ਸਕੱਤਰ ਅੱਜ ਇੱਥੇ ਮਨੁੱਖ ਸੰਸਾਧਨ ਵਿਭਾਗ ਦੇ ਅਧਿਕਾਰੀਆਂ ਦੇ ਨਾਲ ਐਚਆਰਐਮਐਸ ਪੋਰਟਲ ਦੇ ਸਬੰਧ ਵਿਚ ਸਮੀਖਿਆ ਮੀਟਿੰਗ ਕਰ ਰਹੇ ਸਨ। ਸ੍ਰੀ ਕੌਸ਼ਲ ਨੇ ਬਾਕੀ ਲਗਭਗ 33 ਹਜਾਰ ਕਰਮਚਾਰੀਆਂ ਨੂੰ ਜਲਦੀ ਤੋਂ ਜਲਦੀ ਆਪਣੀ ਸਰਵਿਸ ਬੁੱਕ ਤਸਦੀਕ ਕਰਨ ਨੂੰ ਕਿਹਾ ਹੈ, ਕਿਉਂਕਿ 30 ਨਵੰਬਰ ਦੇ ਬਾਅਦ ਜਿਨ੍ਹਾਂ ਕਰਮਚਾਰੀਆਂ ਦੀ ਸਰਵਿਸ ਬੁੱਕ ਤਸਦੀਕ ਨਹੀਂ ਹੋਵੇਗੀ ਉਨ੍ਹਾਂ ਨੂੰ ਤਨਖਾਹ ਨਾਲ ਸਬੰਧਿਤ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਨੇ ਸਾਰੇ ਵਿਭਾਗਾਂ ਦੇ ਪ੍ਰਮੁੱਖਾਂ ਨੂੰ ਵੀ ਇੰਨ੍ਹਾਂ ਨਿਰਦੇਸ਼ਾਂ ਦੇ ਸਖਤੀ ਨਾਲ ਪਾਲਣ ਦੇ ਨਿਰਦੇਸ਼ ਦਿੱਤੇ ਹਨ।

ਐਚਆਰਐਮਐਸ ਪੋਰਟਲ ਕਰਮਚਾਰੀਆਂ ਦੇ ਲਈ ਬਣਿਆ ਸਹੂਲਤਾਂ ਦਾ ਪਿਟਾਰਾ

ਮਨੁੱਖ ਸੰਸਾਧਨ ਪ੍ਰਬੰਧਨ ਪ੍ਰਣਾਲੀ ਪੋਰਟਲ 'ਤੇ ਵੱਖ-ਵੱਖ ਵਿਭਾਗਾਂ, ਬੋਰਡਾਂ ਅਤੇ ਨਿਗਮ ਦੇ ਕਰਮਚਾਰੀਆਂ ਦੇ ਸੇਵਾ-ਸਬੰਧਿਤ ਸਾਰੀ ਗਤੀਵਿਧੀਆਂ ਅਤੇ ਡਿਜੀਟਲ ਸਰਵਿਸ ਬੁੱਕ ਨੂੰ ਅਪਲੋਡ ਕੀਤਾ ਗਿਆ ਹੈ। ਇਸ ਪੋਰਟਲ 'ਤੇ ਏਕਕ੍ਰਿਤ ਵਿੱਤੀ ਪ੍ਰਬੰਧਨ ਪ੍ਰਣਾਲੀ (ਆਈਐਫਐਮਐਸ) ਦੇ ਈ-ਵੇਤਨ ਪ੍ਰਣਾਲੀ ਦੇ ਨਾਲ ਏਕੀਕ੍ਰਿਤ ਵਰਕਫਲੋ ਸਮੇਤ ਕਰਮਚਾਰੀਆਂ ਦੀ ਜਾਣਕਾਰੀ 24 ਘੰਟੇ ਉਪਲਬਧ ਹੈ। ਐਚਆਰਐਮਐਸ 'ਤੇ ਉਪਲਬਧ ਡਾਟਾ ਸਰਕਾਰ ਨੂੰ ਸਹੀ ਫੈਸਲਾ ਲੈਣ ਦੇ ਨਾਲ-ਨਾਲ ਕਰਮਚਾਰੀਆਂ, ਯੋਜਨਾ, ਭਰਤੀ, ਨਿਯੁਕਤੀ, ਪਦੋਉਨਤੀ, ਏਸੀਪੀ, ਸੇਵਾ ਵਿਸਤਾਰ ਅਤੇ ਕੌਸ਼ਲ ਦੇ ਆਧਾਰ 'ਤੇ ਕਰਮਚਾਰੀਆਂ ਦੇ ਤਬਾਦਲੇ ਆਦਿ ਦੀ ਸਹੀ ਨਿਗਰਾਨੀ ਵਿਚ ਵੀ ਮਦਦ ਕਰਦਾ ਹੈ। ਐਚਆਰਐਮਐਸ ਪੋਰਟਲ ਵਿਚ ਈ-ਸਰਵਿਸ ਬੁੱਕ ਵਿਚ ਕਰਮਚਾਰੀ ਦੇ ਮੂਲ ਵੇਰਵਾ, ਨਿਯੁਕਤੀ ਵੇਰਵਾ, ਸੇਵਾ ਤਸਦੀਕ, ਛੁੱਟੀ, ਲੋਨ ਤੇ ਅਗਰਿਮ ਵੇਰਵਾ, ਏਸੀਆਰ, ਸੰਪਤੀ ਵੇਰਵਾ ਅਤੇ ਹੋਰ ਵੇਰਵਿਆਂ ਸਮੇਤ ਕਈ ਵਿਸ਼ੇਸ਼ਤਾਵਾਂ ਸ਼ਾਮਿਲ ਹਨ। ਐਚਆਰਐਮਐਸ ਪੋਰਟਲ ਦੇ ਨਾਲ ਕਰਮਚਾਰੀਆਂ ਦਾ ਡਾਟਾ ਅਪਡੇਟ ਕਰਨ ਨਾਲ ਨਾ ਸਿਰਫ ਸਰਕਾਰ ਨੂੰ ਲਾਭ ਹੁੰਦਾ ਹੈ, ਸਗੋ ਇਸ ਨਾਲ ਕਰਮਚਾਰੀਆਂ ਨੂੰ ਵੀ ਮਦਦ ਮਿਲੇਗੀ ਜੋ ਕਿ ਸੇਵਾਮੁਕਤੀ ਬਾਅਦ ਆਪਣੇ ਸਰਵਿਸ ਰਿਕਾਰਡ ਦੇ ਬਾਰੇ ਵਿਚ ਵੇਰਵਾ ਪ੍ਰਾਪਤ ਕਰਨ ਵਿਚ ਪਰੇਸ਼ਾਨੀਆਂ ਦਾ ਸਾਹਮਣਾ ਕਰਦੇ ਹਨ।

ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਵੱਲੋਂ ਆਰੀਆ ਅਨਾਥ ਆਸ਼ਰਮ ਫਿਰੋਜ਼ਪੁਰ ਦਾ ਦੌਰਾ

ਫਿਰੋਜ਼ਪੁਰ, 15 ਨਵੰਬਰ (ਪ.ਪ) ਮਾਨਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ. ਨਗਰ ਮੋਹਾਲੀ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ, ਸ਼੍ਰੀ ਵੀਰਇੰਦਰ ਅਗਰਵਾਲ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਨੇ ਆਰੀਆ ਅਨਾਥ ਆਸ਼ਰਮ ਫਿਰੋਜ਼ਪੁਰ ਦਾ ਦੌਰਾ ਕੀਤਾ। ਇਸ ਮੌਕੇ ਮਿਸ ਏਕਤਾ ਉੱਪਲ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ, ਸੰਸਥਾ ਦੇ ਚੇਅਰਮੈਨ ਸ਼੍ਰੀਮਤੀ ਸਤਨਾਮ ਕੌਰ ਅਤੇ ਉਨ੍ਹਾਂ ਦਾ ਸਾਰਾ ਸਟਾਫ, ਡੀ. ਸੀ. ਪੀ. ਓ. ਸ਼੍ਰੀ ਆਸ਼ੀਸ਼ ਕੁਮਾਰ, ਸ਼੍ਰੀ ਜਗਜੀਤ ਸਿੰਘ ਸੋਢੀ ਮੈਂਬਰ ਚਾਈਲਡ ਵੈਲਫੇਅਰ ਕਮੇਟੀ ਵੀ ਮੌਜੂਦ ਸਨ । ਇਸ ਮੌਕੇ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਸ਼੍ਰੀ ਵੀਰਇੰਦਰ ਅਗਰਵਾਲ ਨੇ ਅਨਾਥ ਆਸ਼ਰਮ ਦੀ ਬਿਲਡਿੰਗ ਦਾ ਸਰਵੇਖਣ ਕੀਤਾ ਅਤੇ ਬੱਚਿਆਂ ਦੇ ਖਾਣੇ ਤੇ ਰਸੋਈ ਦਾ ਵਿਸ਼ੇਸ਼ ਸਰਵੇਖਣ ਕੀਤਾ। ਉਨ੍ਹਾਂ ਇੱਥੇ ਮੌਜੂਦ ਬੱਚਿਆਂ ਦਾ ਹਾਲ-ਚਾਲ ਤੇ ਉਨ੍ਹਾਂ ਨੂੰ ਪੇਸ਼ ਆ ਰਹੀਆਂ ਦਿੱਕਤਾਂ ਬਾਰੇ ਵੀ ਪੁੱਛਿਆ। ਇਸ ਮੌਕੇ ਉਨ੍ਹਾਂ ਬੱਚਿਆਂ ਦਾ ਰਿਕਾਰਡ ਵੀ ਚੈੱਕ ਕੀਤਾ ਅਤੇ ਸੰਸਥਾ ਦੇ ਸਟਾਫ, ਡੀ.ਸੀ.ਪੀ.ਓ. ਸ਼੍ਰੀ ਆਸ਼ੀਸ਼ ਕੁਮਾਰ, ਉਨ੍ਹਾਂ ਦੇ ਸਟਾਫ ਅਤੇ ਸ਼੍ਰੀ ਜਗਜੀਤ ਸਿੰਘ ਸੋਢੀ ਐਡਵੋਕੇਟ ਤੇ ਸਾਰੇ ਸਟਾਫ ਨੂੰ ਖਾਸ ਹਦਾਇਤਾਂ ਕੀਤੀਆਂ ਕਿ ਇੱਥੇ ਰਹਿ ਰਹੇ ਬੱਚਿਆਂ ਨੂੰ ਕਿਸੇ ਕਿਸਮ ਦੀ ਕੋਈ ਵੀ ਦਿੱਕਤ ਪੇਸ਼ ਨਹੀਂ ਆਉਣੀ ਚਾਹੀਦੀ। ਇਨ੍ਹਾਂ ਬੱਚਿਆਂ ਦੇ ਪੜ੍ਹਨ, ਖੇਡਣ ਅਤੇ ਰਹਿਣ-ਸਹਿਣ ਦਾ ਖਾਸ ਖਿਆਲ ਰੱਖਿਆ ਜਾਵੇ। ਆਸ਼ਰਮ ਦੇ ਸਟਾਫ ਵੱਲੋਂ ਜੱਜ ਸਾਹਿਬ ਦਾ ਧੰਨਵਾਦ ਕੀਤਾ ਗਿਆ।

ਹਰਕੇਸ਼ ਗੁਪਤਾ, ਅਮਨ ਸ਼ਰਮਾ ਤੇ ਈਸ਼ ਅਗਵਾਲ ਨੇ ਜੇਤੂ ਖਿਡਾਰੀਆ ਨੂੰ ਕੀਤਾ ਸਨਮਾਨਿਤ

ਕੁਰਾਲੀ, 15 ਨਵੰਬਰ (ਰਾਜੀਵ ਸਿੰਗਲਾ, ਪਰਮਜੀਤ ਸਿੰਘ) ਸਥਾਨਕ ਸ਼ਹਿਰ ਦੀ ਚੰਡੀਗੜ ਰੋਡ ਤੇ ਪੈਂਦੇ ਨੈਸ਼ਨਲ ਪਬਲਿਕ ਸਕੂਲ ਵਿਚ ਸਲਾਨਾ ਖੇਡ ਦਿਵਸ ਮਨਾਇਆ ਗਿਆ ਗਿਆ । ਇਸ ਮੌਕੇ ਸਕੂਲ ਦੀ ਪ੍ਰੀ ਨਰਸਰੀ ਤੋਂ ਲੈਕੇ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਵੱਖ ਵੱਖ ਖੇਡ ਮੁਕਾਬਲਿਆ ਵਿਚ ਭਾਗ ਲਿਆ । ਨੈਸ਼ਨਲ ਪਬਲਿਕ ਸਕੂਲ ਦੇ ਪ੍ਰਿੰਸੀਪਲ ਡਾਕਟਰ ਰਸਲ ਰਾਜ ਦੀ ਅਗਵਾਈ ਤੇ ਵਾਈਸ ਪ੍ਰਿੰਸੀਪਲ ਨੀਰੂ ਸ਼ਰਮਾਂ ਦੀ ਦੇਖਰੇਖ ਹੇਠ ਕਰਵਾਏ ਗਏ ਸਲਾਨਾ ਖੇਡ ਦਿਵਸ ਮੌਕੇ ਸਕੂਲ ਦੀ ਪ੍ਰਬੰਧਕ ਮੈਨੇਜ਼ਮੈਂਟ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਹਰਕੇਸ਼ ਗੁਪਤਾ ਮੁੱਖ ਮਹਿਮਾਨ ਵਜੋਂ ਤੇ ਮੈਨੇਜ਼ਰ ਅਮਨ ਸ਼ਰਮਾ ਤੇ ਖ਼ਜਾਨਚੀ ਈਸ਼ ਅਗਵਾਲ ਨੇ ਵਿਸ਼ੇਸ਼ ਮਹਿਮਾਨ ਵੱਜੋਂ ਸ਼ਿਰਕਤ ਕੀਤੀ । ਇਸ ਮੌਕੇ ਹਰਕੇਸ਼ ਗੁਪਤਾ, ਅਮਨ ਸ਼ਰਮਾਂ ਤੇ ਈਸ਼ ਅਗਵਾਲ ਨੇ ਆਪਣੇ ਸਬੰਧਨ ਦੌਰਾਨ ਕਿਹਾ ਕਿ ਖੇਡਾਂ ਵਿਦਿਆਰਥੀਆਂ ਦੀ ਚੰਗੀ ਸਿਹਤ ਦਾ ਖ਼ਜਾਨਾ ਹਨ । ਉਨ੍ਹਾਂ ਕਿਹਾ ਕਿ ਕਾਮਯਾਬ ਵਿਦਿਆਰਥੀਆਂ ਲਈ ਪੜਾਈ ਦੇ ਨਾਲ ਨਾਲ ਖੇਡਾਂ ਵੀ ਬੇਹੱਦ ਜਰੂਰੀ ਹਨ । ਉਨ੍ਹਾਂ ਕਿਹਾ ਕਿ ਪੜਾਈ ਕਰਨ ਲਈ ਸਿਹਤਯਾਬ ਹੋਣਾ ਜਰੂਰੀ ਹੈ । ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਕਰਵਾਈ ਜਾਦੀ ਸਕੂਲੀ ਖੇਡਾਂ ਵਿਚ ਵੀ ਉਨ੍ਹਾਂ ਨੇ ਸਕੂਲ ਦੇ ਵਿਦਿਆਰਥੀਆਂ ਨੇ ਭਾਗ ਲੈਂਦੇ ਹੋਏ ਕਈ ਤਗਮੇ ਹਾਸਿਲ ਕਰਦੇ ਹੋਏ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ । ਇਸ ਮੌਕੇ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਨੇ ਖੇਡਾਂ ਵਿਚ ਹਿੱਸਾ ਲੈਣ ਵਾਲੇ ਤੇ ਜੇਤੂ ਖਿਡਾਰੀਆਂ ਦੀ ਹੌਸਲਾ ਅਫ਼ਜਾਈ ਕਰਦੇ ਹੋਏ ਉਨ੍ਹਾਂ ਨੂੰ ਇਨਾਮ ਦੇਕੇ ਸਨਮਾਨਿਤ ਕੀਤਾ । ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾਕਟਰ ਰਸਲ ਰਾਜ ਤੇ ਵਾਇਸ ਪ੍ਰਿੰਸੀਪਲ ਨੀਰੂ ਸ਼ਰਮਾਂ ਨੇ ਦੱਸਿਆ ਕਿ ਸਕੂਲ ਵੱਲੋਂ ਮਨਾਏ ਗਏ ਸਲਾਨਾ ਖੇਡ ਦਿਵਸ ਮੌਕੇ ਸਕੂਲ ਦੀ ਪ੍ਰੀ ਨਰਸਰੀ ਕਲਾਸ ਤੋਂ ਲੈਕੇ ਬਾਰਵੀਂ ਜਮਾਤ ਤੱਕ ਦੇ ਸਾਰੇ ਵਿਦਿਆਰਥੀਆਂ ਨੇ ਵੱਖ ਵੱਖ ਖੇਡਾਂ ਵਿਚ ਹਿੱਸਾ ਲਿਆ ਸੀ । ਉਨ੍ਹਾਂ ਦੱਸਿਆ ਕਿ ਸਲਾਨਾ ਖੇਡ ਦਿਵਸ ਮੌਕੇ ਸਕੂਲ ਵਿਚ ਵੱਖ-ਵੱਖ ਖੇਡਾ, ਜਿਵੇ 25ਮੀਟਰ, 50 ਮੀਟਰ, 100 ਮੀਟਰ ਦੌੜ, ਟਰਾ ਆਫ਼ ਵਾਰ, ਮਾਰਚ ਪਾਸਟ, ਮੌਕ ਡਿਰਿੱਲ, ਡਰਿੱਲ ਅਤੇ ਡੰਬਲ ਦਾ ਵੀ ਸ਼ਾਨਦਾਰ ਪ੍ਰਸ਼ਦਰਸ਼ਨ ਕਰਦੇ ਹੋਏ ਦਰਸ਼ਕਾ ਦਾ ਧਿਆਨ ਕੀਲ ਕੇ ਰੱਖਿਆ ਉਨ੍ਹਾਂ ਦੱਸਿਆ ਕਿ ਇਨ੍ਹਾਂ ਖੇਡਾ ਵਿਚ ਸਕੂਲ ਦੇ ਵਿਦਿਅਰਥੀਆਂ ਤੋਂ ਇਲਾਵਾ ਹੋਰਨਾਂ ਵੱਖ ਵੱਖ ਖੇਡਾਂ ਦੇ ਵਿਚ ਸਕੂਲ ਦੇ ਅਧਿਆਪਕਾ, ਸਕੂਲ ਦੇ ਦਫ਼ਤਰੀ ਸਟਾਫ਼, ਬੱਸਾਂ ਦੇ ਡਰਾਇਵਰ ਕੰਡਕਟਰਾ, ਸੇਵਾਦਾਰਾ, ਸਫ਼ਾਈ ਕਰਮਚਾਰੀਆ ਆਦਿ ਨੇ ਵੀ ਭਾਗ ਲੈਂਦੇ ਹੋਏ ਕਈ ਤਗਮੇ ਜਿੱਤੇ ਇਸ ਮੌਕੇ ਸਕੂਲ ਦੀ ਮੈਨੇਜਮੈਂਟ ਤੇ ਪ੍ਰਿੰਸੀਪਲ ਵੱਲੋਂ ਜੈੱਤੂ ਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਖੇਡਾ ਦੀ ਮਹੱਤਤਾ ਬਾਰੇ ਦੱਸਦੇ ਹੋਏ ਖੇਡਾ ਖੇਡਣ ਪ੍ਰਤੀ ਜਾਗਰੂਕ ਕਰਦੇ ਹੋਏ ਖੇਡਾ ਵਿਚ ਵੱਧ ਚੜ ਕੇ ਭਾਗ ਲੈਣ ਪ੍ਰੇਰਿਤ ਕੀਤਾ । ਸਕੂਲ ਦੇ ਪ੍ਰਿੰਸਪੀਲ ਨੇ ਦੱਸਿਆ ਕਿ ਟੈਗੋਰ ਹਾਊਸ ਜੇਤੂ ਤੇ ਨਾਨਕ ਹਾਊਸ ਉੱਪ ਜੇਤੂ ਬਣਿਆ । ਸਕੂਲ ਵੱਲੋਂ ਵਿਦਿਆਰਥੀਆਂ ਲਈ ਚਾਹ ਪਕੌੜੇ ਆਦਿ ਦੇ ਲੰਗਰ ਦਾ ਪ੍ਰਬੰਧ ਵੀ ਕੀਤਾ ਗਿਆ । ਇਸ ਮੌਕੇ ਸਕੂਲ ਦਾ ਸਮੂਹ ਸਟਾਫ਼ ਤੇ ਵਿਦਿਆਰਥੀ ਆਦਿ ਹਾਜ਼ਰ ਸਨ।

ਰਿਆਤ ਬਾਹਰਾ ਯੂਨੀਵਰਸਿਟੀ ਦੇ 10+2 ਸਕੂਲ ਵਿੰਗ ਵਿਖੇ ਧੂਮਧਾਮ ਨਾਲ ਮਨਾਇਆ ਗਿਆ ਬਾਲ ਦਿਵਸ

ਕੁਰਾਲੀ, 15 ਨਵੰਬਰ (ਰਾਜੀਵ ਸਿੰਗਲਾ, ਪਰਮਜੀਤ ਸਿੰਘ) ਰਿਆਤ ਬਾਹਰਾ ਯੂਨੀਵਰਸਿਟੀ 10+2 ਸਕੂਲ ਵਿੰਗ ਵੱਲੋਂ ਬਾਲ ਦਿਵਸ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ ਸਕੂਲ ਵਿੱਚ ਗਿਆਰਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਬਾਲ ਦਿਵਸ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ ਡਾ.ਪਰਵਿੰਦਰ ਸਿੰਘ ਵਾਈਸ ਚਾਂਸਲਰ ਰਿਆਤ ਬਾਹਰਾ ਯੂਨੀਵਰਸਿਟੀ ਇਸ ਸਮਾਗਮ ਦੇ ਮੁੱਖ ਮਹਿਮਾਨ ਸਨ ਇਸ ਦੌਰਾਨ ਸਕੂਲ ਦੇ ਵਿਦਿਆਰਥੀਆਂ ਦੇ ਕਲਾ ਅਤੇ ਕਰਾਫਟ ਮੁਕਾਬਲੇ, ਪ੍ਰਤਿਭਾ ਖੋਜ ਅਤੇ ਹੋਰ ਬਹੁਤ ਸਾਰੀਆਂ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ ਵਿਦਿਆਰਥੀਆਂ ਦੁਆਰਾ ਪੋਸਟਰ ਮੇਕਿੰਗ, ਰੰਗੋਲੀ, ਪੋਟ ਡੈਕੋਰੇਸ਼ਨ, ਕਲਾਸ ਡੈਕੋਰੇਸ਼ਨ ਅਤੇ ਟੇਲੈਂਟ ਹੰਟ ਆਦਿ ਵਿੱਚ ਉਤਸ਼ਾਹ ਨਾਲ ਭਾਗ ਲਿਆ ਇਸ ਮੌਕੇ ਬਾਰ੍ਹਵੀਂ ਜਮਾਤ ਦੇ ਟਾਪਰ ਵਿਦਿਆਰਥੀਆਂ ਨੂੰ ਅਕਾਦਮਿਕ ਪੁਰਸਕਾਰਾਂ, ਟਰਾਫੀਆਂ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ ਇਸ ਦੇ ਨਾਲ ਹੀ ਗਤੀਵਿਧੀਆਂ ਦੇ ਜੇਤੂਆਂ ਨੂੰ ਇਨਾਮਾਂ ਦੀ ਵੰਡ ਵੀ ਕੀਤੀ ਗਈ ਰਵਿੰਦਰ ਕੌਰ ਬਾਰ੍ਹਵੀਂ ਜਮਾਤ ਅਤੇ ਗੁਰਨਿਹਾਲ ਸਿੰਘ ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸਰਵੋਤਮ ਵਿਦਿਆਰਥੀਆਂ ਦੇ ਇਨਾਮ ਵੀ ਦਿੱਤੇ ਗਏ ਸਮਾਗਮ ਦੇ ਅੰਤ ਵਿੱਚ ਸਕੂਲ ਦੀ ਪ੍ਰਿੰਸੀਪਲ ਮੀਨਾ ਵਰਮਾ ਨੇ ਵਿਦਿਆਰਥੀਆਂ ਨੂੰ ਬਾਲ ਦਿਵਸ ਦੀ ਵਧਾਈ ਦਿੱਤੀ ਅਤੇ ਇਸ ਵਿਸ਼ੇਸ਼ ਦਿਨ 'ਤੇ ਵਿਦਿਆਰਥੀਆਂ ਨੂੰ ਸਖਤ ਮਿਹਨਤ ਨਾਲ ਆਪਣੇ ਟੀਚੇ ਪ੍ਰਾਪਤ ਕਰਨ ਲਈ ਪ੍ਰੇਰਿਤ ਵੀ ਕੀਤਾ।

ਜੋਤਸ਼ ਤੇ ਵਾਸਤੂ ਸ਼ਾਸਤਰ ਗੈਰ ਵਿਗਿਆਨਕ - ਤਰਕਸ਼ੀਲ ਆਗੂ

ਸੰਗਰੂਰ, 15 ਨਵੰਬਰ (ਜਗਸੀਰ ਲੌਂਗੋਵਾਲ) - ਤਰਕਸੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੀ ਮੀਟਿੰਗ ਜੋਨ ਮੁਖੀ ਮਾਸਟਰ ਪਰਮਵੇਦ ਤੇ ਇਕਾਈ ਮੁਖੀ ਸੁਰਿੰਦਰਪਾਲ ਦੀ ਅਗਵਾਈ ਵਿੱਚ ਸੰਗਰੂਰ ਵਿਖੇ ਹੋਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਤਰਕਸ਼ੀਲ ਆਗੂ ਗੁਰਦੀਪ ਸਿੰਘ ਨੇ ਦੱਸਿਆ ਕਿ ਮੀਟਿੰਗ ਦੌਰਾਨ ਇਕਾਈ ਦੀਆਂ ਗਤੀਵਿਧੀਆਂ ਤੇ ਵਿਚਾਰ ਚਰਚਾ ਕੀਤੀ ਗਈ ਅਤੇ ਮੈਗਜੀਨ ਦਾ ਨਵਾਂ ਤਰਕਸੀਲ ਅੰਕ ਰਿਲੀਜ ਕੀਤਾ ਗਿਆ।ਇਸ ਮੌਕੇ ਪਿਛਲੇ ਦਿਨੀਂ ਟੀ-20 ਵਿਸਵ ਕੱਪ ਦੇ ਦੂਜੇ ਸੈਮੀਫਾਈਨਲ ਤੋਂ ਪਹਿਲਾਂ ਕੁਝ ਜੋਤਸੀਆਂ ਵਲੋਂ ਵੱਖ ਵੱਖ ਟੀ ਵੀ ਚੈਨਲਾਂ ਰਾਹੀਂ ਭਾਰਤੀ ਟੀਮ ਦੀ ਜਿੱਤ ਦੀ ਭਵਿੱਖਬਾਣੀ ਕੀਤੀ ਗਈ ਜਦ ਕਿ ਭਾਰਤ ਇੰਗਲੈਂਡ ਤੋਂ ਬੁਰੀ ਤਰ੍ਹਾਂ ਹਾਰ ਗਿਆ। ਜੇਕਰ ਭਾਰਤ ਜਿੱਤ ਜਾਂਦਾ ਤਾਂ ਇਨ੍ਹਾਂ ਜੋਤਸੀਆਂ ਦਾ ਦੇਸ ਭਰ ਵਿਚ ਡੰਕਾ ਵੱਜਣਾ ਸੀ,ਇਸਦੇ ਨਾਲ ਦੇਸ ਭਰ ਦੇ ਕਿਸੇ ਵੀ ਜੋਤਸੀ ਨੇ ਹਾਰਨ ਦੀ ਭਵਿੱਖਬਾਣੀ ਨਹੀਂ ਕੀਤੀ, ਇਸ ਤਰ੍ਹਾਂ ਜੋਤਿਸ਼ ਲੋਕਾਂ ਨੂੰ ਮੂਰਖ ਬਣਾਉਣ ਤੇ ਬਾਲ ਮਨਾਂ ਨਾਲ ਖਿਲਵਾੜ ਕਰਨ ਤੋਂ ਬਿਨਾਂ ਕੁਝ ਨਹੀਂ। ਆਗੂਆਂ ਕਿਹਾ ਕਿ ਜੋਤਿਸ ਤੇ ਵਾਸਤੂ ਸ਼ਾਸਤਰ ਕਿਸੇ ਵੀ ਤਰ੍ਹਾਂ ਵਿਗਿਆਨ ਨਹੀਂ ਹੈ,ਇਹ ਤੀਰ ਤੁੱਕਾ ਹੈ, ਜੋਤਿਸ ਭਾਰਤੀ ਸੰਵਿਧਾਨ ਦੀਆਂ ਭਾਵਨਾਵਾਂ ਦੇ ਉਲਟ ਹੈ ਕਿਉਂਕਿ ਭਾਰਤੀ ਸੰਵਿਧਾਨ ਮੁਤਾਬਿਕ ਹਰ ਵਿਅਕਤੀ ਦਾ ਫਰਜ ਹੈ ਕਿ ਵਿਗਿਆਨ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ ਜਾਵੇ ਤਾਂ ਜੋ ਲੋਕਾਂ ਦਾ ਨਜਰੀਆ ਵਿਗਿਆਨਕ ਬਣੇ। ਉਨ੍ਹਾਂ ਕਿਹਾ ਕਿ ਅੱਜ ਜਦੋਂ ਹਰ ਪਾਸੇ ਵਿਗਿਆਨ ਦੀਆਂ ਖੋਜਾਂ, ਕਾਢਾਂ ਦਾ ਬੋਲਬਾਲਾ ਹੈ, ਵਿਗਿਆਨ ਦੀ ਵਰਤੋਂ ਕਰਦਿਆਂ ਹੀ ਇਹ ਤਾਂਤਰਿਕ ਜੋਤਸੀ ਆਪਣੀ ਝੂਠ ਦੀ ਦੁਕਾਨ ਚਲਾਉਂਦੇ ਹਨ ਤੇ ਆਮ ਜਨਤਾ ਦੀ ਲੁੱਟ ਕਰਦੇ ਹਨ। ਉਨਾਂ ਆਮ ਜਨਤਾ ਨੂੰ ਅਖੌਤੀ ਸਿਆਣਿਆਂ ,ਜੋਤਸ਼ੀਆਂ,ਤਾਂਤਰਿਕਾਂ,ਵਾਸਤੂ ਸ਼ਾਸਤਰੀਆਂ ਦੇ ਫੈਲਾਏ ਭਰਮਜਾਲ, ਅੰਧਵਿਸ਼ਵਾਸਾਂ,ਵਹਿਮਾਂ ਭਰਮਾਂ,ਤੇ ਰੂੜ੍ਹੀਵਾਦੀ ਵਿਚਾਰਾਂ, ਅਰਥਹੀਣ, ਵੇਲਾ ਵਿਹਾ ਚੁੱਕੀਆਂ ਗਲੀਆਂ ਸੜੀਆਂ ਰਸਮਾਂ ਵਿਚੋਂ ਨਿਕਲ ਕੇ ਵਿਗਿਆਨਕ ਸੋਚ ਤੇ ਨੈਤਿਕ ਕਦਰਾਂ ਅਪਨਾਉਣ ਦੀ ਅਪੀਲ ਕੀਤੀ। ਆਗੂਆਂ ਕਿਹਾ ਕਿ ਇਸ ਦੁਨੀਆਂ ਵਿੱਚ ਘਟਨਾਵਾਂ ਵਾਪਰੀਆਂ ਹਨ ਇਨ੍ਹਾਂ ਦੇ ਕਾਰਨ ਜਾਨਣਾ ਹੀ ਤਰਕਸ਼ੀਲਤਾ ਹੈ।ਇਸ ਮੀਟਿੰਗ ਵਿੱਚ ਸਵਰਨਜੀਤ ਸਿੰਘ,ਤਰਸੇਮ ਅਲੀਸ਼ੇਰ,ਗੁਰਦੀਪ ਲਹਿਰਾ,ਸੁਖਦੇਵ ਕਿਸ਼ਨਗੜ੍ਹ,ਸੀਤਾ ਰਾਮ,ਪਰਵਿੰਦਰ ਮਹਿਲਾਂ,ਰਘਵੀਰ ਸਿੰਘ ਛਾਜਲੀ ਤੇ ਰਣਜੀਤ ਸਿੰਘ ਨੇ ਸ਼ਮੂਲੀਅਤ ਕੀਤੀ।

ਡੀ.ਏ.ਵੀ ਐਡਵਰਡਗੰਜ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਮਲੋਟ ਵਿਖੇ ਮਹਾਤਮਾ ਹੰਸਰਾਜ ਦੀ ਬਰਸੀ ਤੇ ਲਗਾਇਆ ਗਿਆ ਇੱਕ ਰੋਜ਼ਾ ਮੈਡੀਕਲ ਚੈਕਅੱਪ ਕੈਂਪ

ਮਲੋਟ, 15 ਨਵੰਬਰ (ਪ.ਪ)- ਡੀ.ਏ.ਵੀ ਐਡਵਰਡਗੰਜ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਮਲੋਟ ਵਿਖੇ ਮਹਾਤਮਾ ਹੰਸਰਾਜ ਦੀ ਬਰਸੀ ਤੇ ਸਕੂਲ ਦੇ ਬੱਚਿਆਂ ਦਾ ਇੱਕ ਰੋਜ਼ਾ ਮੈਡੀਕਲ ਚੈਕਅੱਪ ਕੈਂਪ ਸਕੂਲ ਪ੍ਰਿੰਸੀਪਲ ਸ੍ਰੀਮਤੀ ਸੰਧਿਆ ਬਠਲਾ ਦੀ ਅਗਵਾਈ ਹੇਠ ਲਗਾਇਆ ਗਿਆ। ਡੀਏਵੀ ਐਡਵਰਡਗੰਜ ਹਸਪਤਾਲ ਮਲੋਟ ਦੇ ਕਾਰਜਕਾਰੀ ਪ੍ਰਬੰਧਕ ਸ੍ਰੀ ਜੀ.ਸੀ ਸ਼ਰਮਾ ਦੀ ਅਗਵਾਈ ਹੇਠ ਹਸਪਤਾਲ ਦੇ ਮਾਹਿਰ ਡਾ.ਪੂਜਾ ਪ੍ਰਤੀਕ ਵੱਲੋਂ ਮੈਡੀਕਲ ਚੈਕਅੱਪ ਕੈਂਪ ਲਗਾਇਆ ਗਿਆ। ਇਸ ਮੈਡੀਕਲ ਚੈਕਅੱਪ ਕੈਂਪ ਵਿੱਚ ਸਕੂਲ ਦੇ 100 ਦੇ ਕਰੀਬ ਬੱਚਿਆਂ ਦਾ ਚੈਕਅੱਪ ਕੀਤਾ ਗਿਆ। ਜਿਸ ਵਿੱਚ ਬਦਲਦੇ ਮੌਸਮ ਵਿੱਚ ਹੋਣ ਵਾਲੀਆਂ ਸਰੀਰਕ ਸਮੱਸਿਆਵਾਂ ਬਾਰੇ ਦੱਸਿਆ ਗਿਆ ਅਤੇ ਬੱਚਿਆਂ ਨੂੰ ਇਨ੍ਹਾਂ ਬਿਮਾਰੀਆਂ ਤੋਂ ਕਿਵੇਂ ਬਚਾਇਆ ਜਾ ਸਕਦਾ ਹੈ ਬਾਰੇ ਜਾਣਕਾਰੀ ਦਿੱਤੀ ਗਈ।

ਉੱਘੇ ਲੋਕ ਗਾਇਕ ਜੱਸੀ ਜਸਪਾਲ ਨੂੰ ਗਹਿਰਾ ਸਦਮਾ ਬੇਟੀ ਪੁਖਰਾਜ ਕੌਰ ਦਾ ਦੇਹਾਂਤ

ਲਹਿਰਾਗਾਗਾ, 15 ਨਵੰਬਰ (ਜਗਸੀਰ ਲੌਂਗੋਵਾਲ) - ਪੰਜਾਬੀ ਸੰਗੀਤ ਇੰਡਸਟਰੀ ਵਿੱਚ ਸਥਾਪਤ ਲੋਕ ਗਾਇਕ ਜੱਸੀ ਜਸਪਾਲ ਨੂੰ ਉਸ ਸਮੇ ਭਾਰੀ ਸਦਮਾ ਲੱਗਿਆ ਜਦੋਂ ਉਨ੍ਹਾਂ ਦੀ ਲਾਡਲੀ ਬੇਟੀ ਪੁਖਰਾਜ ਕੌਰ ਉਮਰ ਕਰੀਬ 13 ਸਾਲ ਬੀਤੀ ਰਾਤ ਮਾਮੂਲੀ ਬਿਮਾਰੀ ਕਾਰਨ ਦੇਹਾਂਤ ਹੋ ਗਿਆ । ਇਸ ਸੋਗਮਈ ਖਬਰ ਕਾਰਨ ਸੰਗੀਤ ਜਗਤ ਅਤੇ ਗਾਇਕ ਜੱਸੀ ਜਸਪਾਲ ਨਾਲ ਜੁੜੇ ਹੋਏ ਲੋਕਾਂ ਨੂੰ ਭਾਰੀ ਸਦਮਾ ਲੱਗਿਆ ਗਾਇਕ ਜੱਸੀ ਜਸਪਾਲ ਦੀ ਲਾਡਲੀ ਬੇਟੀ ਪੁਖਰਾਜ ਕੌਰ ਦੀ ਬੇਵਕਤੀ ਮੌਤ ਤੇ ਗਾਇਕ ਲਾਭ ਹੀਰਾ, ਫਿਲਮੀ ਅਦਾਕਾਰ ਅਤੇ ਗਾਇਕ ਕਰਮਜੀਤ ਅਨਮੋਲ, ਲਵਲੀ ਨਿਰਮਾਣ ਧੂਰੀ ਸਪੁੱਤਰ ਲੋਕ ਗਾਇਕ ਗੁਰਦਿਆਲ ਨਿਰਮਾਣ ਧੂਰੀ, ਗੁਰਬਖਸ਼ ਸ਼ੌਕੀ, ਰਣਜੀਤ ਮਣੀ, ਗਾਇਕ ਜੋੜੀ

ਹਾਕਮ ਬੱਖਤੜੀਵਾਲਾ ਅਤੇ ਦਲਜੀਤ ਕੌਰ, ਸ਼ਿੰਗਾਰਾ ਚਹਿਲ, ਗੀਤਕਾਰ ਕੁਲਦੀਪ ਕੰਡਿਆਰਾ, ਗੀਤਕਾਰ ਗੁਰਨੇਕ ਸਿੰਘ ਝਾਵਰ ਯੂ ਐਸ ਏ, ਭਗਵਾਨ ਹਾਂਸ, ਅਰਸ਼ਦੀਪ ਚੋਟੀਆਂ ਤੇ ਆਰ ਨੂਰ, ਫਿਲਮੀ ਅਦਾਕਾਰ ਟੀਟਾ ਵੈਲੀ ਸੰਗਰੂਰ, ਵੀਡੀਓ ਡਾਇਰੈਕਟਰ ਹਨੀ ਹਰਦੀਪ, ਸੰਗੀਤਕਾਰ ਅਤੇ ਗਾਇਕ ਲਾਲ ਕਮਲ, ਵੀਡੀਓ ਡਾਇਰੈਕਟਰ ਗੱਗੀ ਸਿੰਘ, ਮੰਚ ਸੰਚਾਲਕ ਕੁਲਵੰਤ ਉਪਲੀ ਸੰਗਰੂਰ, ਜਸ ਗੁਰਾਇਆ, ਪੱਤਰਕਾਰ ਸੁਖੀ ਛੰਨਾ, ਕੋਸਲਰ ਸੱਤਪਾਲ ਸਿੰਘ ਪਾਲੀ, ਗੁਰਮੀਤ ਲਹਿਰਾਂ, ਮਨਜੀਤ ਫੋਟੋਗ੍ਰਾਫਰ, ਮਨਜੀਤ ਸ਼ਰਮਾ ਜੇਈ, ਗੁਰਦੀਪ ਸਿੰਘ ਬੰਟੀ, ਮਸਤਾਕ ਲਸਾੜਾ ਅਤੇ ਅਸ਼ੋਕ ਮਸਤੀ ਪ੍ਰਧਾਨ ਲੋਕ ਕਲਾ ਮੰਚ ਵੈਲਫੇਅਰ ਕਮੇਟੀ ਲਹਿਰਾਗਾਗਾ ਤੇ ਪ੍ਰੈੱਸ ਕਲੱਬ ਲੌਂਗੋਵਾਲ ਰਜਿ: ਦੇ ਪ੍ਰਧਾਨ ਜਗਸੀਰ ਲੌਂਗੋਵਾਲ ਨੇ ਗਾਇਕ ਜੱਸੀ ਜਸਪਾਲ ਨਾਲ ਹਮਦਰਦੀ ਪ੍ਰਗਟ ਕੀਤੀ ਹੈ ।

ਭਾਜਪਾ ਆਗੂ ਪ੍ਰੇਮ ਗੁਗਨਾਨੀ ਨੇ ਸੁਨਾਮ ਵਿਖੇ ਗੱਡੀਆਂ ਦੇ ਠਹਿਰਾਅ ਲਈ ਰੇਲਵੇ ਦੇ ਡੀ.ਆਰ.ਐਮ ਨੂੰ ਸੌਂਪਿਆ ਮੰਗ ਪੱਤਰ

ਸੁਨਾਮ ਊਧਮ ਸਿੰਘ ਵਾਲਾ, 15 ਨਵੰਬਰ (ਜਗਸੀਰ ਲੌਂਗੋਵਾਲ) ਭਾਜਪਾ ਦੇ ਨੈਸ਼ਨਲ ਕੌਂਸਲ ਮੈਂਬਰ ਪ੍ਰੇਮ ਗੁਗਨਾਨੀ ਦੀ ਅਗਵਾਈ ਹੇਠ ਇੱਕ ਵਫਦ ਸਥਾਨਕ ਰੇਲਵੇ ਸਟੇਸ਼ਨ ਤੇ ਦੌਰਾ ਕਰਨ ਪਹੁੰਚੇ ਰੇਲਵੇ ਦੇ ਡੀ.ਆਰ.ਐਮ. ਨੂੰ ਰੇਲਵੇ ਸਟੇਸ਼ਨ ਤੇ ਵੱਖ-ਵੱਖ ਰੇਲਗੱਡੀਆਂ ਦੇ ਠਹਿਰਾਅ ਸਬੰਧੀ ਮੰਗ ਪੱਤਰ ਸੌਂਪਿਆ। ਇਸ ਮੌਕੇ ਬੀਜੇਪੀ ਦੇ ਨੈਸ਼ਨਲ ਕੌਂਸਲ ਮੈਂਬਰ ਪ੍ਰੇਮ ਗੁਗਨਾਨੀ ਤੇ ਸਮਾਜ ਸੇਵਕ ਪਵਨ ਛਾਹੜੀਆ ਨੇ ਡੀ.ਆਰ.ਐਮ. ਨੂੰ ਦੱਸਿਆ ਕਿ ਸਥਾਨਕ ਸ਼ਹਿਰ ਆਜ਼ਾਦੀ ਘੁਲਾਟੀਏ ਸ਼ਹੀਦ ਊਧਮ ਸਿੰਘ ਦੀ ਜਨਮ ਭੂਮੀ ਦੇ ਨਾਲ-ਨਾਲ ਇਤਿਹਾਸਿਕ ਸ਼ਹਿਰ ਵਜੋਂ ਜਾਣਿਆ ਜਾਂਦਾ ਹੈ ਅਤੇ ਸ਼ਹਿਰ ਨਾਲ ਲਗਭਗ 80 ਪਿੰਡ ਜੁੜੇ ਹੋਏ ਹਨ। ਉਹਨਾਂ ਦੱਸਿਆ ਕਿ ਸ਼ਹੀਦ ਊਧਮ ਸਿੰਘ ਦੇ ਨਾਂਅ ਨਾਲ ਜੁੜੀ ਇਸ ਸ਼ਹਿਰ ਦੀ ਮਹੱਤਤਾ ਦੇ ਮੱਦੇਨਜ਼ਰ ਇਲਾਕਾ ਵਾਸੀਆਂ ਨੂੰ ਦਿੱਲੀ, ਬਠਿੰਡਾ, ਬਰਨਾਲਾ, ਸ਼੍ਰੀ ਹਜ਼ੂਰ ਸਾਹਿਬ ਨੰਦੇੜ ਜਾਣ ਲਈ ਕੋਈ ਯਾਤਰੀ ਗੱਡੀ ਨਹੀਂ ਹੈ ਜਦਕਿ ਸਿਰਫ ਹਿਸਾਰ ਤੋਂ ਲੁਧਿਆਣਾ ਲਈ ਪਸੰਜਰ ਗੱਡੀਆਂ ਹੀ ਰੁੱਕਦੀਆਂ ਹਨ, ਜਿਸ ਕਾਰਨ ਇਲਾਕਾ ਵਾਸੀਆਂ ਅਤੇ ਸ਼ਹਿਰ ਨਿਵਾਸੀਆਂ ਨੂੰ ਗੱਡੀਆਂ ਨਾ ਰੁਕਣ ਕਾਰਨ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਉਹਨਾਂ ਦੱਸਿਆ ਕਿ ਖਾਸ ਕਰਕੇ ਵਪਾਰੀਆਂ ਨੂੰ ਆਪਣੇ ਵਪਾਰ ਸਬੰਧੀ ਇਹਨਾਂ ਗੱਡੀਆਂ ਵਿੱਚ ਸਵਾਰ ਹੋਣ ਲਈ ਦੂਰ-ਦਰਾਜ ਤੇ ਸਟੇਸ਼ਨਾਂ ਤੇ ਆਉਣਾ-ਜਾਣਾ ਪੈਂਦਾ ਹੈ ਰਾਤ ਦੇ ਸਮੇਂ ਲੋਕਾਂ ਨੂੰ ਦੂਰ ਦਰਾਜ ਦੇ ਸਟੇਸ਼ਨਾਂ ਤੇ ਜਾਣ ਵਿੱਚ ਬਹੁਤ ਦਿੱਕਤ ਆਉਂਦੀ ਹੈ ਜਿਸ ਨਾਲ ਵਪਾਰੀਆਂ ਦੀਆਂ ਮੁਸ਼ਕਿਲਾਂ ਵਿੱਚ ਹੋਰ ਵਾਧਾ ਹੁੰਦਾ ਹੈ। ਉਹਨਾਂ ਡੀ.ਆਰ.ਐਮ. ਦੇ ਧਿਆਨ ਵਿੱਚ ਲਿਆਉਂਦਿਆਂ ਦੱਸਿਆ ਕਿ ਗੱਡੀ ਨੰ. 22479-22480, 22485-22486, 12455-12456, 12485-12486, 12439-12440, 12421-12422, 19027-19028, 19803-19804, 11449-11450, 19613-19614, 14619-14620 ਅਤੇ 19241-19242 ਰੇਲਗੱਡੀਆਂ ਦਾ ਵੀ ਠਹਿਰਾਅ ਨਹੀਂ ਹੈ। ਉਹਨਾਂ ਕਿਹਾ ਕਿ ਇਹਨਾਂ ਗੱਡੀਆਂ ਦੇ ਸਥਾਨਕ ਰੇਲਵੇ ਸਟੇਸ਼ਨ ਤੇ ਰੁਕਣ ਨਾਲ ਜਿੱਥੇ ਰੇਲਵੇ ਦਾ ਮਾਲੀਆ ਵਧੇਗਾ ਉਥੇ ਹੀ ਇਲਾਕਾ ਵਾਸੀਆਂ ਅਤੇ ਵਪਾਰੀਆਂ ਨੂੰ ਵੀ ਆਉਣ-ਜਾਣ ਵਿੱਚ ਆਸਾਨੀ ਹੋਵੇਗੀ। ਉਹਨਾਂ ਦੱਸਿਆ ਕਿ ਸ਼ਹਿਰ ਵਾਸੀਆਂ ਦੀ ਰੇਲਵੇ ਸਟੇਸ਼ਨ ਤੇ ਓਵਰ ਬ੍ਰਿਜ ਬਣਾਉਣ ਦੀ ਚੱਲੀ ਆ ਰਹੀ ਮੰਗ ਨੂੰ ਰੇਲਵੇ ਵਿਭਾਗ ਵੱਲੋਂ ਪੂਰਾ ਕਰਦਿਆਂ ਡੀ.ਆਰ.ਐਮ. ਅਨੁਸਾਰ ਇਸਦਾ ਕੰਮ ਜਲਦ ਸ਼ੁਰੂ ਕਰਵਾਇਆ ਜਾ ਰਿਹਾ ਹੈ ਅਤੇ ਲੋੜੀਂਦਾ ਸਾਮਾਨ ਵੀ ਆ ਚੁੱਕਾ ਹੈ। ਪ੍ਰੇਮ ਗੁਗਨਾਨੀ ਨੇ ਡੀ.ਆਰ.ਐਮ. ਰੇਲਵੇ ਤੋਂ ਮੰਗ ਕੀਤੀ ਕਿ ਸੁਨਾਮ ਸ਼ਹਿਰ ਦੀ ਅੱਧੀ ਆਬਾਦੀ ਰਾਮਨਗਰ,ਇੰਦਰਾ ਬਸਤੀ ਵਾਲੇ ਪਾਸੇ ਵੀ ਹੈ ਇਸ ਲਈ ਜਿਹੜਾ ਓਵਰ ਬਰਿੱਜ ਬਣਾਇਆ ਜਾ ਰਿਹਾ ਹੈ ਉਸਨੂੰ ਨੂੰ ਰਾਮ ਨਗਰ ਵਾਲੇ ਪਾਸੇ ਤੱਕ ਬਣਾਇਆ ਜਾਵੇ । ਉਨ੍ਹਾਂ ਮੰਗ ਕੀਤੀ ਹੈ ਕਿ ਇੱਕ ਟਿਕਟ ਘਰ ਰਾਮ ਨਗਰ ਵਾਲੇ ਪਾਸੇ ਵੀ ਬਣਾਇਆ ਜਾਵੇ ਜਿਸ ਨਾਲ ਰਾਮ ਨਗਰ ਵਾਲੇ ਲੋਕਾਂ ਟਿਕਟ ਲੈਣ ਵਿੱਚ ਕੋਈ ਦਿੱਕਤ ਨਹੀਂ ਆਵੇਗੀ।

ਵਧੀਕ ਡਿਪਟੀ ਕਮਿਸ਼ਨਰ ਵੱਲੋਂ ਵੱਖ ਵੱਖ ਵਿਭਾਗਾਂ ਦੇ ਕੰਮਕਾਜ ਦੀ ਮਹੀਨਾਵਾਰ ਸਮੀਖਿਆ

ਫਾਜਿਲਕਾ, 15 ਨਵੰਬਰ (ਪ.ਪ) ਵਧੀਕ ਡਿਪਟੀ ਕਮਿਸਨਰ ਸ੍ਰੀ ਸੰਦੀਪ ਕੁਮਾਰ ਆਈਏਐਸ ਨੇ ਅੱਜ ਇੱਥੇ ਵੱਖ ਵੱਖ ਵਿਭਾਗਾਂ ਦੇ ਕੰਮਕਾਜ ਦੀ ਮਹੀਨਾਵਾਰ ਸਮੀਖਿਆ ਲਈ ਵਿਭਾਗਾਂ ਨਾਲ ਬੈਠਕਾਂ ਕੀਤੀਆਂ। ਉਨ੍ਹਾਂ ਨੈ ਬੈਠਕ ਦੌਰਾਨ ਵਿਭਾਗਾਂ ਦੇ ਮੁੱਖੀਆਂ ਨੂੰ ਹਦਾਇਤ ਕੀਤੀ ਕਿ ਉਹ ਵਿਕਾਸ ਪ੍ਰੋਜੈਕਟਾਂ ਨੂੰ ਤੈਅ ਸਮਾਂ ਹੱਦ ਅੰਦਰ ਪੂਰਾ ਕਰਨ ਅਤੇ ਕੰਮ ਦੀ ਗੁਣਵਤਾ ਦੇ ਨਿਯਮ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ। ਇਸੇ ਤਰਾਂ ਉਨ੍ਹਾਂ ਨੇ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਰਕਾਰੀ ਕੰਮਾਂ ਲਈ ਦਫਤਰਾਂ ਵਿਚ ਆਉਣ ਵਾਲੇ ਲੋਕਾਂ ਨੂੰ ਕੋਈ ਮੁਸਕਿਲ ਨਾ ਆਉਣ ਦਿੱਤੀ ਜਾਵੇ।

ਸਕੂਲੀ ਵਿਦਿਆਰਥੀ ਸਵੀਪ ਤਹਿਤ ਜਾਗਰੂਕਤਾ ਗਤੀਵਿਧੀਆਂ ਵਿੱਚ ਲੈ ਰਹੇ ਹਨ ਉਤਸ਼ਾਹ ਨਾਲ ਹਿੱਸਾ

ਸੰਗਰੂਰ, 15 ਨਵੰਬਰ (ਜਗਸੀਰ ਲੌਂਗੋਵਾਲ) ਜ਼ਿਲ੍ਹਾ ਸੰਗਰੂਰ ਦੇ ਵਿਦਿਅਕ ਅਦਾਰਿਆਂ ਵਿੱਚ ਸਵੀਪ ਤਹਿਤ ਗਤੀਵਿਧੀਆਂ ਹੌਲੀ ਹੌਲੀ ਜ਼ੋਰ ਫੜ ਰਹੀਆਂ ਹਨ। ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ਼੍ਰੀ ਜਤਿੰਦਰ ਜੋਰਵਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹੇ ਵਿੱਚ ਵੋਟਰ ਜਾਗਰੂਕਤਾ ਮੁਹਿੰਮ ਤਹਿਤ ਵਿਭਾਗੀ ਉਪਰਾਲੇ ਆਰੰਭ ਹੋ ਗਏ ਹਨ ਅਤੇ ਨੌਜਵਾਨ ਵਰਗ ਨੂੰ ਲਾਜ਼ਮੀ ਤੌਰ 'ਤੇ ਆਪਣੀ ਵੋਟ ਬਣਵਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਤਹਿਸੀਲਦਾਰ ਚੋਣਾਂ ਸ਼੍ਰੀ ਵਿਜੇ ਕੁਮਾਰ ਨੇ ਦੱਸਿਆ ਕਿ ਸਵੀਪ ਗਤੀਵਿਧੀਆਂ ਤਹਿਤ ਸਕੂਲੀ ਬੱਚੇ ਵੱਖ-ਵੱਖ ਮੁਕਾਬਲਿਆਂ ਵਿੱਚ ਉਤਸ਼ਾਹ ਨਾਲ ਹਿੱਸਾ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਵੋਟ ਪਾਉਣ ਬਾਰੇ ਪ੍ਰੇਰਨਾ ਪੈਦਾ ਕਰਨ ਵਾਲੇ ਚਿੱਤਰ ਬਣਾਉਣ, ਭਾਸ਼ਣ ਮੁਕਾਬਲੇ ਕਰਵਾਉਣ ਤੋਂ ਇਲਾਵਾ ਅਧਿਆਪਕਾਂ ਵੱਲੋਂ ਸਵੇਰ ਦੀਆਂ ਸਭਾਵਾਂ ਵਿੱਚ ਵਿਦਿਆਰਥੀਆਂ ਨੂੰ ਵੋਟ ਦੀ ਅਹਿਮੀਅਤ ਬਾਰੇ ਵੀ ਜਾਗਰੂਕ ਕੀਤਾ ਜਾ ਰਿਹਾ ਹੈ ਤਾਂ ਜੋ ਜ਼ਿਲ੍ਹੇ ਵਿੱਚ ਬਾਲਗਾਂ ਦੀ ਅਬਾਦੀ ਮੁਤਾਬਕ ਵੋਟ ਦੀ ਦਰ ਵਿੱਚ ਵੀ ਲੋੜੀਂਦਾ ਇਜਾਫ਼ਾ ਹੋ ਸਕੇ। ਤਹਿਸੀਲਦਾਰ ਨੇ ਦੱਸਿਆ ਕਿ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ ਰਾਹੀਂ ਵੀ ਸਵੀਪ ਗਤੀਵਿਧੀਆਂ ਨਾਲ ਸਬੰਧਤ ਪ੍ਰੋਗਰਾਮ ਉਲੀਕਣ ਲਈ ਕੈਲੰਡਰ ਤਿਆਰ ਕਰਵਾਇਆ ਗਿਆ ਹੈ ਤਾਂ ਜੋ ਲੜੀਵਾਰ ਪ੍ਰੋਗਰਾਮ ਕਰਵਾਏ ਜਾ ਸਕਣ ਅਤੇ ਲੋਕਾਂ ਵਿੱਚ ਵੋਟਾਂ ਦੀ ਅਹਿਮੀਅਤ ਬਾਰੇ ਜਾਗਰੂਕਤਾ ਨੂੰ ਪੈਦਾ ਕੀਤਾ ਜਾ ਸਕੇ।

POONAWALLA HOUSING FINANCE Apna Ghar, Apni Pehchan

ਪੂਨਾਵਾਲਾ ਹਾਊਸਿੰਗ ਫਾਈਨੈਂਸ ਲਿਮਟਿਡ

(ਪਹਿਲਾ ਮੈਗਮਾ ਹਾਊਸਿੰਗ ਫਾਈਨੈਂਸ ਵਜੋਂ ਜਾਣਿਆ ਜਾਂਦਾ ਹੈ)
ਰਜਿਸਟਰਡ ਦਫ਼ਤਰ : 602, 6ਵੀਂ ਮੰਜ਼ਿਲ, ਜ਼ੀਰੋ ਵਨ ਆਈ ਟੀ ਪਾਰਕ, ਐਸ.ਆਰ ਨੰ. 79/1, ਘੋਰਪਦੀ, ਮੁੰਧਵਾ ਰੋਡ, ਪੂਣੇ - 411036
ਬਰਾਂਚ ਦਫ਼ਤਰ ਯੂਨਿਟ: ਕਮਰਾ ਨੰ. 212, ਦੂਜੀ ਮੰਜ਼ਿਲ, ਸਾਵਿਤਰੀ ਕੰਪਲੈਕਸ, ਢੋਲੇਵਾਲ ਚੌਂਕ, ਲੁਧਿਆਣਾ, ਪੰਜਾਬ -141003

ਈ-ਨਿਲਾਮੀ ਵਿਕਰੀ ਨੋਟਿਸ

ਸੁਰੱਖਿਅਤ ਅਚੱਲ ਸੰਪਤੀ ਦੀ ਵਿਕਰੀ ਦੇ ਤਹਿਤ
ਸਕਿਊਰੀਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ਼ ਫਾਈਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ਼ ਸਕਿਊਰਿਟੀ ਇੰਟਰੈਸਟ ਐਕਟ 2002 (ਇਸ ਤੋਂ ਬਾਅਦ "ਕਥਿਤ ਐਕਟ ਵਜੋਂ ਜਾਣਿਆ ਜਾਂਦਾ ਹੈ")

ਆਮ ਤੌਰ 'ਤੇ ਲੋਕਾਂ ਨੂੰ ਅਤੇ ਖਾਸ ਤੌਰ 'ਤੇ ਕਰਜਦਾਰਾਂ/ਸਹਿ-ਕਰਜਦਾਰਾਂ/ਗਾਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਮੈਗਮਾ ਹਾਊਸਿੰਗ ਫਾਈਨਾਂਸ ਲਿਮਟਿਡ ਕੋਲ ਗਿਰਵੀ ਰੱਖੀਆਂ ਗਈਆਂ ਹੇਠ ਲਿਖੀਆਂ ਸੰਪਤੀਆਂ ਨੂੰ ਹੁਣ ਇਨਕਾਰਪੋਰੇਸ਼ਨ ਦੇ ਸਰਟੀਫਿਕੇਟ ਦੇ ਤਹਿਤ ਪੂਨਾਵਾਲਾ ਹਾਊਸਿੰਗ ਫਾਈਨਾਂਸ ਲਿਮਟਿਡ ਦੇ ਰੂਪ ਵਿੱਚ ਨਾਮ ਦਿੱਤਾ ਗਿਆ ਹੈ। ਐਕਟ ਦੀ ਧਾਰਾ 13(4)/ਸੈਕਸ਼ਨ 14 ਦੇ ਅਧੀਨ ਕੰਪਨੀ ਦੇ ਸਬੰਧਤ ਅਧਿਕਾਰਤ ਅਧਿਕਾਰੀ ਦੁਆਰਾ ਕਬਜਾ ਕੀਤਾ ਗਿਆ ਸੀ, ਨੂੰ ਕੰਪਨੀ ਦੇ ਲਾਗੂ ਬਕਾਇਆ ਬਕਾਇਆ ਦੀ ਵਸੂਲੀ ਲਈ ਹੇਠਾਂ ਦਿੱਤੀਆਂ ਸਰਤਾਂ ਅਨੁਸਾਰ ਈ-ਨਿਲਾਮੀ ਰਾਹੀਂ ਵਿਆਜ, ਖਰਚੇ ਅਤੇ ਖਰਚੇ ਆਦਿ 'ਤੇ ਵੇਚਿਆ ਜਾਵੇਗਾ।
ਵਰਣਿਤ ਸੰਪਤੀ ਨੂੰ ਸੁਰੱਖਿਆ ਹਿੱਤ (ਲਾਗੂ ਕਰਨ) ਨਿਯਮਾਂ ਦੇ ਨਿਯਮ 8 ਅਤੇ 9 ਦੇ ਤਹਿਤ "ਜਿਵੇਂ ਹੈ, ਜੋ ਵੀ ਹੈ, ਜੋ ਵੀ ਹੈ ਅਤੇ ਬਿਨਾਂ ਕਿਸੇ ਸਾਧਨ ਦੇ" 'ਤੇ ਵੇਚਿਆ ਜਾ ਰਿਹਾ ਹੈ (ਇਸ ਤੋਂ ਬਾਅਦ ਨਿਯਮਾਂ ਵਜੋਂ ਜਾਣਿਆ ਜਾਂਦਾ ਹੈ):
ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸਰਤਾਂ ਲਈ, ਕਿਰਪਾ ਕਰਕੇ ਪੂਨਾਵਾਲਾ ਹਾਊਸਿੰਗ ਫਾਈਨਾਂਸ ਲਿਮਟਿਡ/ਸੁਰੱਖਿਅਤ ਕ੍ਰੈਡਿਟ ਦੀ ਵੈੱਬਸਾਈਟ ਜਿਵੇਂ ਕਿ www.poonawallahousing.com ਵਿੱਚ ਦਿੱਤੇ ਲਿੰਕ ਨੂੰ ਵੇਖੋ।

ਪ੍ਰਸਤਾਵ ਨੰ. ਗਾਹਕ ਦਾ ਨਾਮ (ੳ)	ਡਿਮਾਂਡ ਨੋਟਿਸ ਮਿਤੀ ਅਤੇ ਬਕਾਇਆ ਰਕਮ (ਅ)	ਕਬਜੇ ਦੀ ਕੁਦਰਤ (ੲ)	ਜਾਇਦਾਦ ਦਾ ਵੇਰਵਾ (ਸ)	ਰਿਜ਼ਰਵ ਕੀਮਤ (ਹ)	ਈਐਮਡੀ (ਆਰਪੀ ਦਾ 10%) (ਕ)	ਈਐਮਡੀ ਜਮ੍ਹਾ ਕਰਨ ਦੀ ਮਿਤੀ (ਖ)	ਵਾਧੇ ਵਾਲੀ ਬੋਲੀ (ਗ)	ਜਾਇਦਾਦ ਦੇ ਨਿਰੀਖਣ ਦੀ ਮਿਤੀ ਅਤੇ ਸਮਾਂ (ਘ)	ਨਿਲਾਮੀ ਦੀ ਮਿਤੀ ਅਤੇ ਸਮਾਂ (ਙ)	ਜਾਣੇ-ਪਛਾਣੇ ਬੋਝ/ ਅਦਾਲਤੀ ਕੇਸ ਜੇ ਕੋਈ ਹੋਵੇ (ਚ)
Loan No. HM/0039/H/16/100347 ਹਰੀਸ਼ ਅਰੋੜਾ (ਕਰਜ਼ਦਾਰ) ਸੋਨੀਆ ਅਰੋੜਾ (ਸਹਿ-ਕਰਜ਼ਦਾਰ)	ਨੋਟਿਸ ਮਿਤੀ: 15.09.2021 ਬਕਾਇਆ ਕੁੱਲ: ਰੁ. 10,24,440/- (ਰੁਪਏ ਦੱਸ ਲੱਖ ਚੌਵੀ ਹਜ਼ਾਰ ਚਾਰ ਸੌ ਚਾਲੀ ਕੇਵਲ) ਵਸੂਲੀ ਹੋਣ ਤੱਕ 14.30% @ ਵਿਆਜ ਸਮੇਤ 15.09.2021 ਨੂੰ ਭੁਗਤਾਨਯੋਗ	ਫਿਜ਼ੀਕਲ	ਮਾਰਟਗੇਜ਼ ਕਮਰਸ਼ੀਅਲ ਜਾਇਦਾਦ ਦੇ ਸਾਰੇ ਪਾਰਟ ਅਤੇ ਪਾਰਸਲ ਮਾਪਣ 22.22 ਵਰਗ ਗਜ਼ ਜਿਸਦਾ ਖਸਰਾ ਨੰ. 13//8/1, ਖਾਤਾ ਨੰ. 212/219, ਪੇਜ ਨੰ. 503 ਜਮ੍ਹਾਬੰਦੀ ਸਾਲ 2008-9, ਪਿੰਡ ਗਿਆਸਪੁਰਾ, ਨੇੜੇ ਸੂਆ ਰੋਡ, ਹਦਬਸਤ ਨੰ. 261, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ	ਰੁ. 945,000/- (ਰੁ. ਨੌਂ ਲੱਖ ਪੰਤਾਲੀ ਹਜ਼ਾਰ ਕੇਵਲ)	ਰੁ. 94,500/- (ਰੁ. ਚੋਰਾਨਵੇ ਹਜ਼ਾਰ ਪੰਜ ਸੌਂ ਕੇਵਲ)	08.12.2022 ਪਹਿਲੇ 5 ਵਜੇ	ਰੁ. 10,000/-	02.12.2022 (ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ)	09.12.2022 (ਸਵੇਰੇ 11 ਵਜੇ ਤੋਂ ਦੁਪਹਿਰ 2 ਵਜੇ ਤੱਕ)	Nil

ਹੋਰ ਵੇਰਵਿਆਂ ਅਤੇ ਸਵਾਲਾਂ ਲਈ, ਅਧਿਕਾਰਤ ਅਧਿਕਾਰੀ, ਸ਼੍ਰੀ ਇਕਬਾਲ ਆਲਮ (ਮੋਬਾਈਲ # 9958195453) ਨਾਲ ਸੰਪਰਕ ਕਰੋ"

ਇਛੁੱਕ ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਬ੍ਰਾਂਚ ਅਤੇ ਨਿਲਾਮੀ 'ਤੇ ਰੱਖੀਆਂ ਗਈਆਂ ਜਾਇਦਾਦਾਂ 'ਤੇ ਜਾਣ ਅਤੇ ਖਰਚਿਆਂ, ਬੋਝਾਂ ਬਾਰੇ ਲੋੜੀਂਦੀ ਜਾਣਕਾਰੀ ਪ੍ਰਾਪਤ ਕਰਨ। ਖਰੀਦਦਾਰ ਆਪਣੀ ਖੁਦ ਦੀ ਜਾਂਚ ਕਰੇਗਾ ਅਤੇ ਵਾਧੂ ਖਰਚਿਆਂ, ਬੋਝਾਂ ਅਤੇ ਕਿਸੇ ਵੀ ਤੀਜੀ-ਧਿਰ ਦੇ ਹਿੱਤਾਂ ਦਾ ਪਤਾ ਲਗਾਵੇਗਾ ਅਤੇ ਇਸਦੇ ਸਾਰੇ ਪਹਿਲੂਆਂ ਵਿੱਚ ਆਪਣੇ ਆਪ ਨੂੰ ਸੰਤੁਸਟ ਕਰੇਗਾ। ਸਾਰੇ ਕਾਨੂੰਨੀ ਬਕਾਏ ਜਿਵੇਂ ਕਿ ਪ੍ਰਾਪਰਟੀ ਟੈਕਸ, ਬਿਜਲੀ ਦੇ ਬਕਾਏ ਅਤੇ ਕੋਈ ਹੋਰ ਬਕਾਇਆ, ਜੇਕਰ ਕੋਈ ਹੋਵੇ, ਸੰਪੱਤੀ ਨਾਲ ਜੁੜਿਆ ਹੋਵੇ ਤਾਂ ਸਫਲ ਬੋਲੀਕਾਰ/ਸੰਭਾਵੀ ਖਰੀਦਦਾਰਾਂ ਦੁਆਰਾ ਪਤਾ ਲਗਾਇਆ ਜਾਣਾ ਚਾਹੀਦਾ ਹੈ ਅਤੇ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ। ਬੋਲੀਕਾਰ/ਸੰਭਾਵੀ ਖਰੀਦਦਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਬੋਲੀ ਜਮ੍ਹਾ ਕਰਨ ਤੋਂ ਪਹਿਲਾਂ, ਆਪਣੇ ਹਿੱਤ ਵਿੱਚ, ਉਪਰੋਕਤ ਅਤੇ ਉਪਰੋਕਤ ਸੰਪੱਤੀ/ਸੰਪੱਤੀਆਂ ਨਾਲ ਸਬੰਧਤ ਹੋਰ ਸੰਬੰਧਿਤ ਵੇਰਵਿਆਂ ਨਾਲ ਆਪਣੇ ਆਪ ਨੂੰ ਸੰਤੁਸਟ ਕਰਨ। ਦਿਲਚਸਪੀ ਰੱਖਣ ਵਾਲੇ ਬੋਲੀਕਾਰਾਂ ਨੂੰ ਪੋਰਟਲ 'ਤੇ ਆਪਣੇ ਆਪ ਨੂੰ ਰਜਿਸਟਰ ਕਰਨ ਅਤੇ ਪਹਿਲਾਂ ਤੋਂ ਹੀ ਲਾਗਇੰਨ ਆਈਡੀ ਅਤੇ ਪਾਸਵਰਡ ਪ੍ਰਾਪਤ ਕਰਨ ਦੀ ਲੋੜ ਹੁੰਦੀ ਹੈ, ਜੋ ਕਿ ਈ-ਬਿਡਿੰਗ ਲਈ ਲਾਜਮੀ ਹੈ, ਨਿਲਾਮੀ ਸੇਵਾ ਪ੍ਰਦਾਤਾ) ਸੀ1 ਇੰਡੀਆ ਪ੍ਰਾਈਵੇਟ ਲਿਮਟਿਡ। ਪਤਾ - ਪਲਾਟ ਨੰ.- 68 ਤੀਜੀ ਮੰਜਿਲ ਗੁੜਗਾਓਂ ਹਰਿਆਣਾ-122003. ਹੈਲਪਲਾਈਨ ਨੰਬਰ - 7291981124, 25, 26 ਸਹਾਇਤਾ ਈਮੇਲ ਆਈਡੀ - Support@bankeauctions.com ਸੰਪਰਕ ਵਿਅਕਤੀ - ਵਿਨੋਦ ਚੌਹਾਨ, ਈਮੇਲ -delhi@c1india.com, ਸੰਪਰਕ ਨੰਬਰ - 9813887931. ਕਿਰਪਾ ਕਰਕੇ ਨੋਟ ਕਰੋ ਕਿ ਸੰਭਾਵੀ ਬੋਲੀਕਾਰ ਸਿਰਫ ਉਨ੍ਹਾਂ ਤੋਂ ਈ-ਨਿਲਾਮੀ 'ਤੇ ਔਨਲਾਈਨ ਸਿਖਲਾਈ ਲੈ ਸਕਦੇ ਹਨ। ਇਛੁੱਕ ਖਰੀਦਦਾਰ/ਬੋਲੀਦਾਰ ਨੂੰ "ਪੂਨਾਵਾਲਾ ਹਾਊਸਿੰਗ ਫਾਈਨਾਂਸ ਲਿਮਟਿਡ", ਬੈਂਕ-ਆਈਸੀਆਈਸੀਆਈ ਬੈਂਕ ਲਿਮਟਿਡ ਦੇ ਖਾਤੇ ਵਿੱਚ ਐਨਈਐਫਟੀ/ਆਰਟੀਜੀਐਸ/ਡੀਡੀ ਦੇ ਜਰੀਏ ਅਰਨੇਸਟ ਮਨੀ ਡਿਪਾਜਿਟ (ਈਐਮਡੀ) ਦੀ ਰਕਮ ਜਮ੍ਹਾਂ ਕਰਾਉਣ ਦੀ ਲੋੜ ਹੁੰਦੀ ਹੈ। **ਖਾਤਾ ਨੰਬਰ**-000651000460 ਅਤੇ ਆਈਐਫਐਸਸੀ ਕੋਡ - ICIC0000006, 20, ਆਰ.ਐਨ. ਮੁਖਰਜੀ ਰੋਡ - ਕੋਲਕਾਤਾ - 700001 ਕਿਸੇ ਵੀ ਰਾਸਟਰੀਕ੍ਰਿਤ ਜਾਂ ਅਨੁਸੂਚਿਤ ਬੈਂਕ 'ਤੇ 08.12.2022 ਨੂੰ ਜਾਂ ਇਸ ਤੋਂ ਪਹਿਲਾਂ ਖਿੱਚਿਆ ਗਿਆ ਹੈ ਅਤੇ ਆਪਣਾ ਨਾਮ **https://www.bankeauction.com** 'ਤੇ ਰਜਿਸਟਰ ਕਰੋ ਅਤੇ ਉਪਭੋਗਤਾ ਪ੍ਰਾਪਤ ਕਰੋ। ਆਈਡੀ ਅਤੇ ਪਾਸਵਰਡ ਮੁਫਤ ਅਤੇ ਸੇਵਾ ਪ੍ਰਦਾਤਾ ਤੋਂ ਈ-ਨਿਲਾਮੀ 'ਤੇ ਸਿਖਲਾਈ ਪ੍ਰਾਪਤ ਕਰੋ। ਵੈੱਬਸਾਈਟ 'ਤੇ ਆਪਣੀ ਰਜਿਸਟ੍ਰੇਸ਼ਨ ਤੋਂ ਬਾਅਦ, ਇਛੁੱਕ ਖਰੀਦਦਾਰ/ਬੋਲੀਦਾਰ ਨੂੰ ਹੇਠਾਂ ਦਿੱਤੇ ਦਸਤਾਵੇਜਾਂ ਦੀਆਂ ਕਾਪੀਆਂ ਅੱਪਲੋਡ ਕਰਨ, ਈ-ਮੇਲ ਕਰਨ ਅਤੇ ਸਵੈ-ਤਸਦੀਕਸੁਦਾ ਹਾਰਡ ਕਾਪੀ (ਸੰਬੰਧਿਤ ਮੈਨੇਜਰ ਪੂਨਾਵਾਲਾ ਹਾਊਸਿੰਗ ਫਾਈਨਾਂਸ ਲਿਮਟਿਡ) **ਸ਼੍ਰੀ ਅੰਕੁਸ਼ ਜੌਲੀ, ਪਤਾ - ਕਮਰਾ ਨੰਬਰ 212, ਦੂਜੀ ਮੰਜ਼ਿਲ, ਸਾਵਿਤਰੀ ਕੰਪਲੈਕਸ, ਢੋਲੇਵਾਲ ਚੌਂਕ, ਲੁਧਿਆਣਾ, ਪੰਜਾਬ -141003 ਮੋਬਾਈਲ ਨੰਬਰ +91 9256769000, ਈ-ਮੇਲ ਆਈਡੀ ankush.jolly@poonawallahousing.com**

ਸਥਾਨ : ਲੁਧਿਆਣਾ
ਮਿਤੀ : 16.11.2022

ਅਧਿਕਾਰਤ ਅਫਸਰ
ਪੂਨਾਵਾਲਾ ਹਾਊਸਿੰਗ ਫਾਈਨਾਂਸ ਲਿਮਟਿਡ
(ਪਹਿਲਾਂ ਮੈਗਮਾ ਹਾਊਸਿੰਗ ਫਾਈਨਾਂਸ ਲਿਮਟਿਡ ਵਜੋਂ ਜਾਣਿਆ ਜਾਂਦਾ ਸੀ)